AQA

General Certificate of Education
Advanced Level Examination
June 2014

# Panjabi

# PANJ2

## Unit 2 Reading and Writing

# Insert

**Section 3 Writing Questions 3, 4, 5 and 6**

A

## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ
**(The British – Panjabi Short Story)**

**Question 3**

**EITHER**

**3 (a)** ਇੱਕ ਕਹਾਣੀ ਨੂੰ ਸਫਲ ਬਣਾਉਣ ਲਈ ਉਸ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਸਥਾਨ ਦਾ ਮੇਲ ਬਹੁਤ ਜ਼ਰੂਰੀ ਹੈ। ਜਿਹੜੀ ਕਹਾਣੀਆਂ ਦੀ ਕਿਤਾਬ ਤੁਸੀਂ ਪੜ੍ਹੀ ਹੈ ਉਸ ਵਿਚਲੀਆਂ ਕਿਸੇ ਦੋ ਕਹਾਣੀਆਂ ਤੇ ਇਹ ਗੱਲ ਕਿੱਥੋਂ ਤੱਕ ਢੁੱਕਦੀ ਹੈ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

**OR**

**3 (b)** ਇੱਕ ਚੰਗੀ ਕਹਾਣੀ ਵਿੱਚ ਲੇਖਕ ਪਾਠਕ ਲਈ ਕੋਈ ਨਾ ਕੋਈ ਸੁਨੇਹਾ ਜ਼ਰੂਰ ਛੱਡਦਾ ਹੈ। ਜਿਹੜਾ ਵੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਵਿੱਚ ਪੜ੍ਹੀਆਂ ਦੋ ਕਹਾਣੀਆਂ ਵਿੱਚ ਲੇਖਕ ਨੇ ਪਾਠਕਾਂ ਨੂੰ ਕੀ ਸੁਨੇਹੇ ਦਿੱਤੇ ਹਨ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

**[30 marks]**

## Topic 2

## ਪੰਜਾਬੀ ਨਾਵਲ

**(The Panjabi Novel)**

**Question 4**

**EITHER**

**4 (a)** ਕਿਸੇ ਵੀ ਨਾਵਲ ਵਿੱਚ ਨਾਇਕ / ਨਾਇਕਾ ਨੂੰ ਉਭਾਰਨ ਲਈ ਖਲਨਾਇਕ / ਖਲਨਾਇਕਾ ਦਾ ਰੋਲ ਮਹੱਤਵਪੂਰਨ ਹੁੰਦਾ ਹੈ । ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਲੇਖਕ ਨੇ ਲਿਖਤ ਕਲਾ ਦੇ ਇਸ ਢੰਗ ਨੂੰ ਕਿਵੇਂ ਵਰਤਿਆ ਹੈ ? ਉਦਾਹਰਣਾਂ ਦਿੰਦੇ ਹੋਏ ਇੱਕ ਲੇਖ ਲਿਖੋ ।

**[30 marks]**

**OR**

**4 (b)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਲੇਖਕ ਨੇ ਪਾਤਰਾਂ ਰਾਹੀਂ ਪਿਆਰ ਤੇ ਤਕਰਾਰ ਦੀਆਂ ਭਾਵਨਾਵਾਂ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਹੈ । ਪਾਤਰਾਂ ਦੀ ਜ਼ਿੰਦਗੀ ਨਾਲ ਸਬੰਧਿਤ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ ।

**[30 marks]**

## Non-Literary Topics

## Topic 1

## 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ

**(Socio-Economic Study of the Panjab (India) Since 1947)**

**Question 5**

**EITHER**

**5 (a)** ਕਬੱਡੀ ਦੀ ਖੇਡ ਦਾ ਅੰਤਰਰਾਸ਼ਟਰੀ ਪੱਧਰ ਤੇ ਖੇਡਿਆ ਜਾਣਾ ਪੰਜਾਬੀਆਂ ਲਈ ਇੱਕ ਮਾਣ ਵਾਲੀ ਗੱਲ ਹੀ ਨਹੀਂ ਸਗੋਂ ਪੰਜਾਬ ਦੇ ਆਰਥਿਕ ਵਿਕਾਸ ਲਈ ਬਹੁਤ ਮਹੱਤਤਾ ਰੱਖਦਾ ਹੈ । ਇਸ ਕਥਨ ਤੇ ਵਿਚਾਰ-ਵਟਾਂਦਰਾ ਕਰਦੇ ਹੋਏ ਉਦਾਹਰਣਾਂ ਸਹਿਤ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ ।

**[30 marks]**

**OR**

**5 (b)** ਅੱਜ ਕੱਲ੍ਹ ਪੰਜਾਬ ਵਿੱਚ ਕੁੜੀਆਂ ਦਾ ਘਰ ਤੋਂ ਬਾਹਰ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ । ਇਸ ਨਾਲ ਪੰਜਾਬ ਵਿੱਚ ਕੁੜੀਆਂ ਦੀ ਆਜ਼ਾਦੀ ਅਤੇ ਪੰਜਾਬ ਦੀ ਆਰਥਿਕ ਸਥਿਤੀ ਤੇ ਕੀ ਅਸਰ ਹੋ ਰਹੇ ਹਨ ? ਪੰਜਾਬ ਸਰਕਾਰ ਤੋਂ ਤੁਸੀਂ ਇਸ ਮਸਲੇ ਦੇ ਹੱਲ ਲਈ ਕੀ ਕੀ ਕਰਨ ਦੀ ਮੰਗ ਕਰੋਗੇ ?

**[30 marks]**

## Topic 2

## ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
**(The Panjabi Community in India and Abroad)**

**Question 6**

**EITHER**

**6 (a)** ਬਰਤਾਨੀਆ ਵਿੱਚ ਰਹਿ ਰਹੇ ਪੰਜਾਬੀ ਬਜ਼ੁਰਗਾਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ? ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਤੁਸੀਂ ਕੀ ਸੁਝਾਅ ਦੇਵੋਗੇ ?

**[30 marks]**

**OR**

**6 (b)** ਬਰਤਾਨੀਆ ਵਿੱਚ ਰਹਿ ਰਹੇ ਪੰਜਾਬੀ ਲੋਕ ਹੁਣ ਪੰਜਾਬ ਵਿੱਚ ਜਾਇਦਾਦ ਖ੍ਰੀਦਣਾ ਤਾਂ ਇੱਕ ਪਾਸੇ ਸਗੋਂ ਆਪਣੀਆਂ ਕੋਠੀਆਂ ਤੇ ਜ਼ਮੀਨ ਵੇਚ ਰਹੇ ਹਨ। ਤੁਹਾਡੇ ਖਿਆਲ ਵਿੱਚ ਇਸ ਦੇ ਕੀ ਕਾਰਨ ਹਨ ? ਪੰਜਾਬ ਸਰਕਾਰ ਇਸ ਸਮੱਸਿਆ ਦੇ ਹੱਲ ਲਈ ਕੀ ਕੀ ਕਰ ਸਕਦੀ ਹੈ ? ਇੱਕ ਜਾਣਕਾਰੀ ਭਰਪੂਰ ਲੇਖ ਲਿਖੋ।

**[30 marks]**

**END OF QUESTIONS**

Copyright © 2014 AQA and its licensors. All rights reserved.